# ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ

## GURU NANAK DEV UNIVERSITY, AMRITSAR

(Established by the State Legislature Act No. 21 of 1969)

No: 3781-3933 /ਕਾਲਜਾਂ
Date: 31-3-16

ਯੂਨੀਵਰਸਿਟੀ ਨਾਲ ਸਬੰਧਿਤਾ ਪ੍ਰਾਪਤ
ਸਮੂਹ ਕਾਲਜਾਂ ਦੇ ਪ੍ਰਿੰਸੀਪਲ ਸਾਹਿਬਾਨ।

ਸ੍ਰੀਮਾਨ ਜੀ/ਮੈਡਮ,

ਸੂਚਿਤ ਕੀਤਾ ਜਾਂਦਾ ਹੈ ਕਿ ਨਿਰੀਖਣ ਅਤੇ ਸਲੈਕਸ਼ਨ ਕਮੇਟੀ ਦੇ ਮੈਂਬਰ ਸਾਹਿਬਾਨਾਂ ਨੂੰ ਦਿੱਤੇ ਜਾਂਦੇ ਮਾਨਭੱਤੇ ਵਿੱਚ ਵਾਧਾ ਕਰਨ ਸਬੰਧੀ ਗਠਿਤ ਕਮੇਟੀ ਮਿਤੀ 09.02.2016 ਦੀਆਂ ਸਿਫਾਰਸ਼ਾਂ ਨੂੰ ਮੁੱਖ ਰੱਖਦੇ ਹੋਏ ਸਿੰਡੀਕੇਟ ਦੀ ਇੱਕਤਰਤਾ ਮਿਤੀ **08.03.2016** ਦੇ ਪੈਰਾ **03** ਰਾਹੀਂ ਹੇਠ ਲਿਖੇ ਅਨੁਸਾਰ ਫੈਸਲਾ ਲਿਆ ਗਿਆ ਹੈ:-

1. ਨਿਰੀਖਣ/ਸਲੈਕਸ਼ਨ ਕਮੇਟੀ ਦੇ ਮੈਂਬਰਾਂ ਨੂੰ ਦਿੱਤਾ ਜਾਣ ਵਾਲਾ ਮਾਨਭੱਤਾ ਇਕ ਇੰਸਟੀਚਿਊਟ/ਕਾਲਜ,ਇਕ ਵਿਸ਼ਾ/ਕਲਾਸ/ਕੋਰਸ ਲਈ 1500 ਰੁਪਏ ਤੋਂ ਵਧਾ ਕੇ 2000 ਰੁਪਏ ਪ੍ਰਤੀ ਵਿਅਕਤੀ ਪ੍ਰਤੀ ਦਿਨ ਕਰ ਦਿੱਤਾ ਗਿਆ ਹੈ। ਇਕ ਇੰਸਟੀਚਿਊਟ/ਕਾਲਜ ਵਿਖੇ ਇਕ ਦਿਨ ਵਿੱਚ ਇਕ ਤੋਂ ਵੱਧ ਵਿਸ਼ੇ/ਕਲਾਸ/ਕੋਰਸ ਦੇ ਨਿਰੀਖਣ/ਸਲੈਕਸ਼ਨ ਲਈ ਇਹ ਮਾਨਭੱਤਾ ਵੱਧ ਤੋਂ ਵੱਧ 2500 ਰੁਪਏ ਤੋਂ ਵਧਾ ਕੇ 3000 ਰੁਪਏ ਪ੍ਰਤੀ ਵਿਅਕਤੀ ਕਰ ਦਿੱਤਾ ਗਿਆ ਹੈ।

2. ਯੂਨੀਵਰਸਿਟੀ ਦੀ ਵੱਖ-ਵੱਖ ਬਾਡੀਜ਼ ਜਿਵੇਂ ਕਿ ਵਿੱਤ ਕਮੇਟੀ, ਸਿੰਡੀਕੇਟ, ਸੈਨੇਟ, ਅਕਾਦਮਿਕ ਕਾਊਂਸਲ, ਬੋਰਡ ਆਫ ਕੰਟਰੋਲ, ਬੋਰਡ ਆਫ ਸਟਡੀਜ਼, ਬੋਰਡ ਆਫ ਮਾਡਰੇਸ਼ਨ, ਰਿਸਰਚ ਡਿਗਰੀ ਬੋਰਡ/ਕਮੇਟੀ, ਇਕਵੀਲੈਂਸ ਕਮੇਟੀ, ਫੈਕਲਟੀਜ਼, ਰੈਗੂਲੇਸ਼ਨ ਅਤੇ ਸਲੈਕਸ਼ਨ ਕਮੇਟੀ ਆਦਿ ਦੀਆਂ ਇਕੱਤਰਤਾਵਾਂ ਵਿੱਚ ਸ਼ਾਮਲ ਹੋਣ ਲਈ ਬਾਹਰੋਂ ਆਉਣ ਵਾਲੇ Outside Members/Experts ਭਾਵ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, ਰੀਜ਼ਨਲ ਕੈਂਪਸਿਜ਼ ਅਤੇ ਯੂਨੀਵਰਸਿਟੀ ਦੇ Constituent Colleges/Affiliated Colleges/Capacity Enhancement Programme ਨੂੰ ਛੱਡ ਕੇ ਬਾਕੀ ਸਥਾਨਾਂ ਤੋਂ ਆਉਣ ਵਾਲੇ ਮੈਂਬਰ ਸਾਹਿਬਾਨ ਅਤੇ ਐਕਸਪਟਰਸ ਨੂੰ ਦਿੱਤੇ ਜਾਂਦੇ 2000 ਰੁਪਏ ਮਾਨ ਭੱਤੇ ਨੂੰ ਵਧਾ ਕੇ 3000 ਰੁਪਏ ਕਰ ਦਿੱਤਾ ਗਿਆ ਹੈ।ਇਕ ਦਿਨ ਵਿੱਚ ਇਕ ਤੋਂ ਵੱਧ ਇਕੱਤਰਤਾਵਾਂ ਵਿੱਚ ਸ਼ਾਮਲ ਹੋਣ ਤੇ ਇਹ ਮਾਨਭੱਤਾ ਵੱਧ ਤੋਂ ਵੱਧ 4500 ਰੁਪਏ ਕਰ ਦਿੱਤਾ ਗਿਆ ਹੈ।

3. ਇਸ ਤੋਂ ਇਲਾਵਾ ਟੀ.ਏ./ਡੀ.ਏ. ਯੂਨੀਵਰਸਿਟੀ ਨਿਯਮਾਂ ਅਨੁਸਾਰ ਹੋਵੇਗਾ।

ਵਿਸ਼ਵਾਸ-ਪਾਤਰ

30.3.16

ਨਿਗਰਾਨ (ਕਾਲਜਾਂ)
ਵਾਸਤੇ ਡੀਨ, ਕਾਲਜ ਵਿਕਾਸ ਕੌਂਸਲ

Phone : Off. EPABX 2258802-09, Extn. 3031 & 3032; Tele/Fax: 0183 – 2257675;Email: dcdc_gndu@yahoo.co.in